ਵਾਸ਼ਿੰਗਟਨ/Washington ਸਟੇਟ ਲੈਜਿਸਲੇਚਰ ਦੁਆਰਾ 1949 ਵਿੱਚ ਸਥਾਪਿਤ, ਵਾਸ਼ਿੰਗਟਨ/Washington ਸਟੇਟ ਮਨੁੱਖੀ ਅਧਿਕਾਰ ਕਮਿਸ਼ਨ (Washington State Human Rights Commission) ਭੇਦਭਾਵ ਦੇ ਵਿਰੁੱਧ ਵਾਸ਼ਿੰਗਟਨ ਦੇ ਕਾਨੂੰਨ (WLAD), Washington ਦੇ ਸੋਧੇ ਹੋਏ ਕਾਨੂੰਨ (RCW) ਦੇ ਅਧਿਆਏ 49.60 ਨੂੰ ਪ੍ਰਬੰਧਿਤ ਕਰਨ ਅਤੇ ਉਸ ਨੂੰ ਲਾਗੂ ਕਰਨ ਲਈ ਜ਼ੁੰਮੇਵਾਰ ਹੈ।



## ਉਦੇਸ਼ ਦਾ ਕਨੂੰਨੀ ਕਥਨ

"ਇਸ ਚੈਪਟਰ ਨੂੰ ਭੇਦਭਾਵ ਦੇ ਵਿਰੁੱਧ ਕਨੂੰਨ ਵਜੋਂ ਜਾਣਿਆ ਜਾਵੇਗਾ। ਇਹ ਸਟੇਟ ਦੀ ਲੋਕਾਂ ਦੀ ਭਲਾਈ, ਸਿਹਤ ਅਤੇ ਇਸ ਸਟੇਟ ਦੇ ਲੋਕਾਂ ਦੀ ਸ਼ਾਂਤੀ ਅਤੇ ਸਟੇਟ ਦੇ ਸੰਵਿਧਾਨ ਦੇ ਨਾਗਰਿਕ ਅਧਿਕਾਰਾਂ ਦੇ ਪ੍ਰਾਵਧਾਨਾਂ ਦੀ ਪੂਰਤੀ ਲਈ ਪੁਲਿਸ ਨੂੰ ਸ਼ਕਤੀ ਪ੍ਰਦਾਨ ਕਰਦਾ ਹੈ। ਲੈਜਿਸਲੇਚਰ ਇੰਜ ਕਰਕੇ ਪਤਾ ਲਗਾਉਂਦੀ ਹੈ ਅਤੇ ਘੋਸ਼ਣਾ ਕਰਦੀ ਹੈ ਕਿ... [ਸੁਰੱਖਿਅਤ ਵਰਗ]... ਦੇ ਕਾਰਨ ਇਸ ਦੇ ਕਿਸੇ ਵੀ ਵਸਨੀਕਾਂ ਨਾਲ ਭੇਦਭਾਵ ਕਰਨ ਦਾ ਵਤੀਰਾ ਸਟੇਟ ਦੀ ਚਿੰਤਾ ਦਾ ਵਿਸ਼ਾ ਹੈ, ਕਿ ਅਜਿਹੀ ਭੇਦਭਾਵਬਾਜ਼ੀ ਨਾ ਸਿਰਫ਼ ਇਸਦੇ ਵਸਨੀਕਾਂ ਦੇ ਅਧਿਕਾਰਾਂ ਅਤੇ ਵਿਸ਼ੇਸ਼ ਅਧਿਕਾਰਾਂ ਲਈ ਖ਼ਤਰਾ ਹੈ, ਬਲਕਿ ਸੰਸਥਾਵਾਂ ਅਤੇ ਇੱਕ ਅਜ਼ਾਦ ਲੋਕਤੰਤਰੀ ਸਟੇਟ ਦੀ ਨੀਂਹ ਲਈ ਵੀ ਖ਼ਤਰਾ ਹੈ।"

**ਆਰਸੀਡਬਲਿਯੂ/RCW 49.60.010**

## ਸੁਰੱਖਿਅਤ ਵਰਗ ਦੇ ਅਧਾਰ 'ਤੇ ਇਹ ਖੇਤਰਾਂ ਵਿੱਚ ਭੇਦਭਾਵ ਪੂਰਨ ਵਿਹਾਰ ਗ਼ੈਰ-ਕਨੂੰਨੀ ਹੈ:

- ਰੋਜ਼ਗਾਰ
- ਹਾਊਸਿੰਗ ਅਤੇ ਰੀਅਲ ਇਸਟੇਟ
- ਪਬਲਿਕ ਰਿਹਾਇਸ਼ ਦੇ ਸਥਾਨ
- ਕ੍ਰੈਡਿਟ ਅਤੇ ਬੀਮਾ

## ਸੁਰੱਖਿਅਤ ਵਰਗਾਂ ਵਿੱਚ ਸ਼ਾਮਲ ਹਨ:

- ਨਸਲ/ਰੰਗ (ਹੇਅਰ ਸਟਾਈਲ ਸਮੇਤ)
- ਰਾਸ਼ਟਰੀ ਮੂਲ
- ਸਿਟੀਜ਼ਨਸ਼ਿਪ/ਇਮੀਗ੍ਰੇਸ਼ਨ ਸਥਿਤੀ
- ਧਰਮ
- ਲਿੰਗ/ਗਰਭ ਅਵਸਥਾ
- ਸੈਕਸ਼ੁਅਲ ਰੁਝਾਨ/ਲਿੰਗ ਪਛਾਣ
- ਵੈਟਰਨ/ਮਿਲਟਰੀ ਸਥਿਤੀ
- ਕਿਸੇ ਵੀ ਸੰਵੇਦਨਾਤਮਕ, ਮਾਨਸਿਕ ਜਾਂ ਸਰੀਰਕ ਅਸਲ ਅਸਮਰੱਥਾ ਜਾਂ ਸਮਝ ਸਬੰਧੀ ਅਪਾਹਜਤਾ ਹੋਣਾ
- ਕਿਸੇ ਸਰਵਿਸ ਐਨੀਮਲ ਦੀ ਵਰਤੋਂ
- ਐੱਚਆਈਵੀ ਜਾਂ ਹੈਪੇਟਾਈਟਿਸ
- ਵਿਵਾਹਿਕ ਸਥਿਤੀ (ਪਬਲਿਕ ਰਿਹਾਇਸ਼ ਤੋਂ ਇਲਾਵਾ)
- ਦੁੱਧ ਚੁੰਘਾਉਣ ਵਾਲੀ ਔਰਤ (ਪਬਲਿਕ ਰਿਹਾਇਸ਼ ਵਿੱਚ)
- ਉਮਰ (40+, ਸਿਰਫ਼ ਰੁਜ਼ਗਾਰ)
- ਬੱਚਿਆਂ ਵਾਲੇ ਪਰਿਵਾਰ (ਸਿਰਫ਼ ਰਿਹਾਇਸ਼ੀ)
- ਸਟੇਟ ਕਰਮਚਾਰੀ ਵਿਸਲਬਲੋਅਰ।

ਕਿਸੇ ਵੀ ਅਜਿਹੇ ਵਿਅਕਤੀ ਦੇ ਵਿਰੁੱਧ **ਬਦਲੇ ਦੀ ਭਾਵਨਾ ਰੱਖਣਾ ਜਾਂ ਬਦਲਾ ਲੈਣਾ** ਵੀ ਗ਼ੈਰ-ਕਨੂੰਨੀ ਹੈ, ਜੋ ਭੇਦਭਾਵ ਦੀ ਸ਼ਿਕਾਇਤ ਦਰਜ਼ ਕਰਦਾ ਹੈ ਜਾਂ ਉਸ ਕਾਰਵਾਈ ਵਿੱਚ ਹਿੱਸਾ ਲੈਂਦਾ ਹੈ।

## ਕਨੂੰਨ ਦੀ ਨਿਰਪੱਖ ਵਰਤੋਂ

ਵਾਸ਼ਿੰਗਟਨ ਸਟੇਟ ਮਨੁੱਖੀ ਅਧਿਕਾਰ ਕਮਿਸ਼ਨ (WSHRC) ਇੱਕ ਨਿਰਪੱਖ, ਤੱਥ-ਲੱਭ ਕੇ ਕਨੂੰਨ ਲਾਗੂ ਕਰਨ ਵਾਲੀ ਏਜੰਸੀ ਹੈ; ਇਹ ਕਿਸੇ ਜਾਂਚ ਦੌਰਾਨ ਕਿਸੇ ਵੀ ਧਿਰ ਦੇ ਵਕੀਲ ਵਜੋਂ ਕੰਮ ਨਹੀਂ ਕਰਦੀ ਹੈ, ਬਲਕਿ ਭੇਦਭਾਵ ਦੀ ਰੋਕਥਾਮ ਅਤੇ ਇਸ ਨੂੰ ਖ਼ਤਮ ਕਰਨ ਲਈ ਕਨੂੰਨ ਦੀ ਵਕਾਲਤ ਕਰਦਾ ਹੈ।



## ਸ਼ਿਕਾਇਤ ਪ੍ਰਕਿਰਿਆ

ਕਨੂੰਨ ਦੀ ਪਾਲਣਾ ਕਰਨਾ ਹਰ ਇੱਕ ਦਾ ਫ਼ਰਜ਼ ਬਣਦਾ ਹੈ ਅਤੇ ਨੁਕਸਾਨ ਹੋਣ 'ਤੇ ਉਸਦਾ ਹੱਲ ਪ੍ਰਾਪਤ ਕਰਨ ਦਾ ਅਧਿਕਾਰ ਹੈ। ਆਰਸੀਡਬਲਿਯੂ 49.60 ਦੀ ਉਲੰਘਣਾ ਦਾ ਦੋਸ਼ ਲਗਾਉਣ ਵਾਲੀਆਂ ਸ਼ਿਕਾਇਤਾਂ ਨੁਕਸਾਨ ਦੀ ਤਰੀਕ ਤੋਂ ਛੇ ਮਹੀਨਿਆਂ ਦੇ ਅੰਦਰ-ਅੰਦਰ ਦਾਇਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ; ਗਰਭ ਅਵਸਥਾ ਦੇ ਕੇਸ ਇੱਕ ਸਾਲ ਦੇ ਅੰਦਰ ਦਾਇਰ ਕੀਤੇ ਜਾਣੇ ਚਾਹੀਦੇ ਹਨ; ਹਾਊਸਿੰਗ ਵਿੱਚ, ਇੱਕ ਸਾਲ ਦੇ ਅੰਦਰ ਸ਼ਿਕਾਇਤਾਂ ਦਾਇਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ; ਅਤੇ ਦੋ ਸਾਲ ਦੇ ਅੰਦਰ-ਅੰਦਰ ਵਿਸਲਬਲੋਅਰ ਸ਼ਿਕਾਇਤਾਂ ਦਾਇਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਧਿਰਾਂ ਅਤੇ ਡਬਲਿਯੂਐਸਐਚਆਰਸੀ (WSHRC) ਵਿਚਕਾਰ ਸਮਝੌਤੇ ਦੇ ਤਹਿਤ ਸ਼ਿਕਾਇਤਾਂ ਨੂੰ ਜਾਂਚ ਦੇ ਦੌਰਾਨ ਹੱਲ ਕੀਤਾ ਜਾ ਸਕਦਾ ਹੈ। ਸ਼ਿਕਾਇਤ ਪ੍ਰਕਿਰਿਆ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ, ਸਾਡੀ ਵੈਬਸਾਈਟ 'ਤੇ ਜਾਓ ਜਾਂ ਕਿਸੇ ਦਾਖਲਾ ਅਫ਼ਸਰ ਨਾਲ ਗੱਲ ਕਰਨ ਲਈ ਸਾਡੇ ਦਫ਼ਤਰਾਂ ਵਿਚੋਂ ਕਿਸੇ ਵਿਅਕਤੀ ਨਾਲ ਸੰਪਰਕ ਕਰੋ। **ਕਿਰਪਾ ਕਰਕੇ ਸਾਨੂੰ ਦੱਸੋ ਜੇ ਤੁਹਾਨੂੰ ਕਿਸੇ ਦੁਭਾਸ਼ੀਏ ਜਾਂ ਵਾਜਬ ਰਿਹਾਇਸ਼ ਦੀ ਜ਼ਰੂਰਤ ਹੈ।**

## ਸਿੱਖਿਆ ਅਤੇ ਪਹੁੰਚ

ਆਸ਼ਾਵਾਦੀ/ਕਿਰਿਆਸ਼ੀਲ ਸਿੱਖਿਆ ਅਤੇ ਟ੍ਰੇਨਿੰਗ ਭੇਦਭਾਵ ਦੀ ਰੋਕਥਾਮ ਅਤੇ ਇਸ ਨੂੰ ਖ਼ਤਮ ਕਰਨ ਲਈ ਇੱਕ ਸ਼ਕਤੀਸ਼ਾਲੀ ਉਪਕਰਣ ਹੈ। ਕਨੂੰਨ ਦੀ ਜਾਣਕਾਰੀ ਵਿਅਕਤੀਗਤ ਅਧਿਕਾਰਾਂ ਦੀ ਪਾਲਣਾ ਅਤੇ ਵਰਤੋਂ ਦੀ ਸਹੂਲਤ ਪ੍ਰਦਾਨ ਕਰਦੀ ਹੈ। ਕਨੂੰਨ ਦੇ ਤਹਿਤ ਅਧਿਕਾਰਾਂ ਅਤੇ ਜ਼ੁੰਮੇਵਾਰੀਆਂ ਦੀ ਸਪਸ਼ਟ ਸਮਝ ਨਾਲ ਹਰ ਕਿਸੇ ਵਿਅਕਤੀ ਨੂੰ ਲਾਭ ਮਿਲਦਾ ਹੈ। ਵਾਸ਼ਿੰਗਟਨ ਸਟੇਟ ਮਨੁੱਖੀ ਅਧਿਕਾਰ ਕਮਿਸ਼ਨ ਵਾਸ਼ਿੰਗਟਨ/Washington ਵਕਤਾ ਪ੍ਰਦਾਨ ਕਰ ਸਕਦਾ ਹੈ ਜੋ ਸਿੱਖਿਆ ਫੋਰਮਾਂ, ਸਿੱਧੀ ਅਤੇ ਵਿਸ਼ੇਸ਼ ਸਿਖਲਾਈ ਪ੍ਰਾਪਤ ਕਰਦੇ ਹਨ, ਅਤੇ ਪ੍ਰਕਾਸ਼ਨਾਂ ਅਤੇ ਭੇਦਭਾਵ ਵਿਰੁੱਧ ਕਨੂੰਨ ਬਾਰੇ ਕਿਤਾਬਚੇ ਪ੍ਰਦਾਨ ਕਰਦੇ ਹਨ।

ਵਧੇਰੇ ਜਾਣਕਾਰੀ ਲਈ, ਜਾਂ ਗੈਸਟ ਸਪੀਕਰ ਦਾ ਪ੍ਰਬੰਧ ਕਰਨ ਬਾਰੇ ਪੁੱਛਣ ਲਈ, ਕਿਰਪਾ ਕਰਕੇ ਹੈੱਡਕੁਆਰਟਰ ਦਫ਼ਤਰ ਨਾਲ ਸੰਪਰਕ ਕਰੋ।



## ਤਕਨੀਕੀ ਸਹਾਇਤਾ

ਵਾਸ਼ਿੰਗਟਨ ਸਟੇਟ ਮਨੁੱਖੀ ਅਧਿਕਾਰ ਕਮਿਸ਼ਨ ਸਰਕਾਰੀ ਏਜੰਸੀਆਂ, ਮਾਲਕਾਂ, ਕਾਰੋਬਾਰਾਂ, ਮਾਨਵ ਸੰਸਾਧਨ ਪੇਸ਼ੇਵਰਾਂ, ਵਕੀਲਾਂ ਅਤੇ ਜਨਤਾ ਨੂੰ ਤਕਨੀਕੀ ਸਹਾਇਤਾ ਵੀ ਪ੍ਰਦਾਨ ਕਰਦਾ ਹੈ।

ਜੇ ਭੇਦਭਾਵ ਖਿਲਾਫ ਵਾਸ਼ਿੰਗਟਨ ਕਨੂੰਨ ਜਾਂ ਇਸ ਨਾਲ ਜੁੜੇ ਮਾਮਲਿਆਂ ਬਾਰੇ ਤੁਹਾਡਾ ਕੋਈ ਪ੍ਰਸ਼ਨ ਹਨ, ਤਾਂ ਕਿਰਪਾ ਕਰਕੇ ਹੈੱਡਕੁਆਰਟਰ ਦਫ਼ਤਰ ਨਾਲ ਸੰਪਰਕ ਕਰੋ।

## ਵਾਸ਼ਿੰਗਟਨ ਸਟੇਟ ਮਨੁੱਖੀ ਅਧਿਕਾਰ ਕਮਿਸ਼ਨ ਦੇ ਸਥਾਨ

**ਮੁੱਖ ਦਫ਼ਤਰ**
711 S. Capitol Way, Suite 402
P.O. Box 42490
Olympia, Washington 98504-2490
360-753-6770

**SPOKANE**
Rock Pointe Plaza III
1330 N. Washington Street, Ste 2460
Spokane, Washington 99201

**YAKIMA**
1205 Ahtanum Ridge Dr., Suite C
Union Gap, WA 98903

**WENATCHEE**
519 Grant Rd
East Wenatchee, WA 98802

WASHINGTON STATE
HUMAN RIGHTS COMMISSION
It's Not Justice If It's Not Equal

ਜੇ ਤੁਹਾਨੂੰ ਵਧੇਰੇ ਜਾਣਕਾਰੀ ਦੀ ਜ਼ਰੂਰਤ ਹੈ, ਵਾਧੂ ਸਵਾਲ ਹਨ, ਜਾਂ ਆਪਣੀ ਸੰਸਥਾ ਲਈ ਟ੍ਰੇਨਿੰਗ ਲੈਣਾ ਚਾਹੁੰਦੇ ਹੋ, ਤਾਂ ਡਬਲਿਯੂਐਸਐਚਆਰਸੀ (WSHRC) ਨਾਲ 360-753-6770 ਜਾਂ 800-233-3247 'ਤੇ ਸੰਪਰਕ ਕਰੋ। ਇਸ ਅਤੇ ਹੋਰ ਨਾਗਰਿਕ ਅਧਿਕਾਰ ਮੁੱਦਿਆਂ 'ਤੇ ਵਧੇਰੇ ਜਾਣਕਾਰੀ ਸਾਡੀ ਵੈੱਬਸਾਈਟ ’ਤੇ ਪ੍ਰਾਪਤ ਕੀਤੀ ਜਾ ਸਕਦੀ ਹੈ

www.hum.wa.gov

# ਵਾਸ਼ਿੰਗਟਨ ਸਟੇਟ ਮਨੁੱਖੀ ਅਧਿਕਾਰ ਕਮਿਸ਼ਨ




*ਵਾਸ਼ਿੰਗਟਨ ਸਟੇਟ ਮਨੁੱਖੀ ਅਧਿਕਾਰ ਕਮਿਸ਼ਨ ਦਾ ਮਿਸ਼ਨ ਕਨੂੰਨ ਦੀ ਨਿਰਪੱਖ ਵਰਤੋਂ, ਸੰਸਾਧਨਾਂ ਦੀ ਕੁਸ਼ਲ ਵਰਤੋਂ ਅਤੇ ਕਮਿਉਨਿਟੀ ਵਿੱਚ ਲਾਭਕਾਰੀ ਭਾਈਵਾਲੀ ਦੀ ਸਥਾਪਨਾ ਦੁਆਰਾ ਭੇਦਭਾਵ ਨੂੰ ਰੋਕਣਾ ਅਤੇ ਖ਼ਤਮ ਕਰਨਾ ਹੈ।*